# ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ:ਸਿ) ਮਾਨਸਾ।

ਵੱਲ:

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

ਜਿਲ੍ਹਾ ਮਾਨਸਾ।

ਪੱਤਰ ਨੰ: ਮੁਲਾਂਕਣ(2018)/29919 ਮਿਤੀ ਮਾਨਸਾ:05-03-2018

ਵਿਸ਼ਾ: ੮ਵੀ ਕਲਾਸ ਦੇ ਮੁਲਾਂਕਣ ਲਈ ਈ.ਟੀ.ਟੀ ਅਧਿਆਪਕਾਂ ਦੀ ਡਿਊਟੀ ਸਬੰਧੀ।

ਹਵਾਲਾ: ਮੀਮੋ ਨੰ:ਕੇ.ਡਬਲਿਯੂ 1/1-2016(ਮੁਲਾਂਕਣ) ਮਿਤੀ: ਐਸ.ਏ.ਐਸ ਨਗਰ 02-03-2018

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਲਿਖਿਆ ਜਾਂਦਾ ਹੈ ਕਿ ਮਾਣਯੋਗ ਡਾਇਰੈਕਟਰ ਰਾਜ ਵਿਦਿਅਕ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ੮ਵੀ ਜਮਾਤ ਦੇ ਮੁਲਾਂਕਣ ਕੇਂਦਰਾਂ ਵਿੱਚ ਪ੍ਰਾਇਮਰੀ ਅਧਿਆਪਕਾ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਸੋ ਸਮੂਹ ਬੀ ਪੀ ਈ ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਲਿਸਟ ਅਨੁਸਾਰ ਆਪਣੇ ਬਲਾਕ ਨਾਲ ਸਬੰਧਤ ਕਰਮਚਾਰੀਆਂ ਨੂੰ ਕੱਲ ਮਿਤੀ 06-03-2018 ਨੂੰ ਸਬੰਧਤ ਮੁਲਾਂਕਣ ਕੇਂਦਰ ਵਿਖੇ ਸੰਪਰਕ ਕਰਨ ਦੀ ਹਦਾਇਤ ਕੀਤੀ ਜਾਵੇ। ਨਾਲ ਨੱਥੀ ਲਿਸਟ ਅਨੁਸਾਰ ਕਿਸੇ ਵੀ ਕਰਮਚਾਰੀ ਦੀ ਕਿਸੇ ਵੀ ਕਿਸਮ ਦੀ ਛੁੱਟੀ ਪ੍ਰਵਾਨ ਨਾ ਕੀਤੀ ਜਾਵੇ। ਜੇਕਰ ਕੋਈ ਕਰਮਚਾਰੀ ਮੈਡੀਕਲ ਛੁੱਟੀ ਮੰਗਦਾ ਹੈ ਤਾਂ ਕਰਮਚਾਰੀ ਦੀ ਛੁੱਟੀ ਸਿਵਲ ਸਰਜਨ ਮਾਨਸਾ ਵੱਲੋਂ ਮੈਡੀਕਲ ਛੁੱਟੀ ਦਾ ਸਰਟੀਫਿਕੇਟ ਲੈਣ ਉਪਰੰਤ ਹੀ ਛੁੱਟੀ ਪ੍ਰਵਾਨ ਕੀਤੀ ਜਾਵੇ।ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਦੇਰੀ ਅਣਗਿਹਲੀ ਲਈ ਸਬੰਧਤ ਕਰਮਚਾਰੀ/ਬੀ.ਪੀ.ਈ.ਓ ਖੁਦ ਨਿਜੀ ਰੂਪ ਵਿੱਚ ਜਿੰਮੇਵਾਰ ਹੋਣਗੇ।

Harish Singh

ਜਿਲ੍ਹਾ ਸਿੱਖਿਆ ਅਫਸਰ (ਐ.ਸਿ)

ਮਾਨਸਾ।

ਉਪਰੋਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ ਜੀ ਨੂੰ ਸੂਚਨਾ ਹਿੱਤ ਭੇਜਿਆਂ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਐ.ਸਿ)

ਮਾਨਸਾ।

Scanned by CamScanner